ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
(ਅਮਲਾ ਸ਼ਾਖਾ-1)
0172-5046816

# ਨੋਟਿਸ

ਵਿਸ਼ਾ ਸਹਿਕਾਰਤਾ ਵਿਭਾਗ ਵਿੱਚ 207 ਨਰੀਖਕ ਸਹਿਕਾਰੀ ਸਭਾਵਾਂ ਦੀ ਭਰਤੀ ਕਰਨ ਸਬੰਧੀ।

ਇਸ ਨੋਟਿਸ ਰਾਹੀਂ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ, ਸਹਿਕਾਰਤਾ ਵਿਭਾਗ, (ਸਹਿਕਾਰਤਾ-2 ਸ਼ਾਖਾ), ਚੰਡੀਗੜ੍ਹ ਵਲੋਂ ਜਾਰੀ ਕੀਤੇ ਹੁਕਮ ਪਿੱਠ ਅੰਕਣ ਨੰ:70/79/2018-ਸੀ2(1)/1435071/97 ਮਿਤੀ 06.03.2019 ਰਾਹੀ ਆਪ ਨੂੰ ਸਹਿਕਾਰਤਾ ਵਿਭਾਗ ਵਿੱਚ ਨਰੀਖਕ ਦੀ ਅਸਾਮੀ ਤੇ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ ਹੈ।

ਇਸ ਨਿਯੁਕਤੀ ਪੱਤਰ ਵਿੱਚ ਦਰਜ ਸ਼ਰਤ ਨੰ:ਝ ਅਨੁਸਾਰ ਆਪ ਵਲੋਂ 04 ਮਹੀਨੇ ਦੀ ਵਿਭਾਗੀ ਟ੍ਰੇਨਿੰਗ ਕੀਤੀ ਜਾਣੀ ਹੈ ਅਤੇ ਸ਼ਰਤ ਨੰ:ਜ ਅਨੁਸਾਰ ਆਪ ਦੀ ਵਿਦਿਅਕ ਯੋਗਤਾ ਸਬੰਧੀ ਸਰਟੀਫਿਕੇਟ ਸਬੰਧਤ ਯੂਨੀਵਰਸ਼ਿਟੀਆਂ ਤੋਂ ਤਸਦੀਕ ਕਰਵਾਏ ਜਾਣੇ ਹਨ।

ਇਸ ਨੋਟਿਸ ਰਾਹੀਂ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਯੁਕਤੀ ਪੱਤਰ ਵਿੱਚ ਦਰਜ ਸ਼ਰਤ ਨੰ:ਗ, ਘ, ਙ, ਚ, ਛ, ਜ, ਠ ਅਤੇ ਡ ਅਨੁਸਾਰ ਲੋੜੀਂਦੇ ਦਸਤਾਵੇਜ਼/ਹਲਫੀਆਂ ਬਿਆਨ ਅਤੇ ਆਪਣੀ ਵਿਦਿਅਕ ਯੋਗਤਾ ਦੇ ਅਸਲ ਸਰਟੀਫਿਕੇਟ ਲੈ ਕੇ ਮਿਤੀ 01.04.2019 ਨੂੰ ਪੰਜਾਬ ਇੰਸਟੀਚਿਊਟ ਆਫ ਕੋਆਪਰੇਟਿਵ ਟ੍ਰੇਨਿੰਗ ਲਿਮਟਿਡ, ਪਲਾਟ ਨੰ: 49 ਇੰਡਸਟ੍ਰੀਅਲ ਏਰੀਆ, ਫੇਸ-1, (ਪਨਕੋਫੈੱਡ ਬਿਲਡਿੰਗ), ਚੰਡੀਗੜ੍ਹ ਵਿਖੇ ਸਵੇਰੇ 9.00 ਵਜੇ ਹਾਜ਼ਰ ਹੋਵੋ ਤਾਂ ਜੋ ਨਿਯੁਕਤੀ ਪੱਤਰ ਵਿੱਚ ਦਰਜ ਸ਼ਰਤ ਅਨੁਸਾਰ ਆਪ ਨੂੰ ਲੋੜੀਂਦੀ ਵਿਭਾਗੀ ਟ੍ਰੇਨਿੰਗ ਦਿਵਾਈ ਜਾਵੇ। ਇਸ ਟ੍ਰੇਨਿੰਗ ਸਬੰਧੀ ਕਿਸੇ ਕਿਸਮ ਦੀ ਕੋਈ ਜਾਣਕਾਰੀ ਲੋੜੀਂਦੀ ਹੋਵੇ ਤਾਂ ਹੇਠ ਲਿਖੇ ਟੈਲੀਫੋਨ ਨੰਬਰ ਅਤੇ ਈਮੇਲ ਤੇ ਸੰਪਰਕ ਕੀਤਾ ਜਾ ਸਕਦਾ ਹੈ।

(ਫੋਨ ਨੰ:0172-2650144/2650149, Email-pictchandigarh@gmail.com)

ਅਮਲਾ ਅਫਸਰ,
ਵਾ: ਰਜਿਸਟਰਾਰ, ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।